**<u>ਸਿਵਲ ਇੰਜਨੀਅਰਿੰਗ/ ਵਿਦਿਆ ਪ੍ਰਸਾਰ (Extension Program)</u>**

ਸਿਵਲ ਇੰਜਨੀਅਰਿੰਗ ਵਿਭਾਗ ਵਿੱਚ ਕੇਂਦਰ ਵੱਲੋਂ ਪ੍ਰਾਯੋਜਿਤ ਇੱਕ ਸਕੀਮ ਚੱਲ ਰਹੀ ਹੈ ਜਿਸਦੇ ਅਧੀਨ ਜਨਸਮੂਹ, ਕਿਸਾਨਾਂ, ਮਿਸਤਰੀਆਂ ਇਤਆਦਿ ਨੂੰ ਗੋਬਰ ਗੈਸ ਪਲਾਂਟ ਦੀ ਉਸਾਰੀ, ਚਲਾਉਣ ਅਤੇ ਸਾਭ-ਸੰਭਾਲ ਦੀ ਸਿਖਲਾਈ ਦਿੱਤੀ ਜਾਦੀ ਹੈ। ਇਸ ਵਿੱਚ ਵੱਖ-ਵੱਖ ਅਦਾਰਿਆਂ ਤੋਂ ਕੰਮ ਕਰਦੇ ਕਰਮਚਾਰੀ (ਜਿਵੇਂ ਕਿ ਖੇਤੀਬਾੜੀ ਮਹਿਕਮਾ, ਪੰਜਾਬ ਇਨਰਜੀ ਡਿਪਾਰਟਮੈਂਟ ਏਜੰਸੀ ਆਦਿ) ਗੋਬਰ ਗੈਸ ਪਲਾਂਟ ਦੇ ਤਕਨੀਕੀ ਪੱਖਾ ਦੀ ਜਾਨਕਾਰੀ ਪ੍ਰਾਪਤ ਕਰਦੇ ਹਨ। ਇਹ ਸਿਖਲਾਈ ਓਹਨਾਂ ਨੂੰ ਗੋਬਰ ਗੈਸ ਪਲਾਂਟ ਦੀ ਪੈਂਡੂ ਖੇਤਰਾਂ ਵਿੱਚ ਪ੍ਰਭਾਵਸ਼ਾਲੀ ਤਰੀਕੇ ਨਾਲ ਉਤਸ਼ਾਹਿਤ ਕਰਨ ਵਿੱਚ ਮਦਦ ਕਰਦੀ ਹੈ। ਇਸ ਤੋਂ ਇਲਾਵਾ ਲਈ ਟਰੇਨਿੰਗ ਪ੍ਰੋਗਰਾਮ ਵੀ ਉਚੇਚੇ ਇਸ ਵਾਸਤੇ ਵਿਭਾਗ ਵੱਲੋਂ ਚਲਾਏ ਜਾਦੇ ਹਨ। ਇਸ ਦੇ ਨਾਲ-ਨਾਲ ਕਈ ਕਿਸਾਨ, ਮਿਸਤਰੀ, ਗੋਬਰ, ਗੈਸ ਪਲਾਂਟ ਦੇ ਪ੍ਰਯੋਗਕਾਰ/ਠੇਕੇਦਾਰ ਰੋਜਾਨਾ ਇਸ ਦੇ ਤਕਨੀਕੀ ਪੱਖਾ ਬਾਰੇ ਸਲਾਹ- ਮਸ਼ਵਿਰਾ ਕਰਨ ਲਈ ਵਿਭਾਗ ਨਾਲ ਸੰਪਰਕ ਕਰਦੇ ਹਨ।